ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ
ਛੇਵੀਂ ਮੰਜ਼ਿਲ, ਬਲਾਕ-ਈ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ, ਫੇਜ਼-8,
ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੁਹਾਲੀ), ਫੋਨ ਨੰਬਰ:-0172-2212221

ਵੱਲ

(ਵੈਬਸਾਈਟ/ਨੋਟਿਸ ਬੋਰਡ/ਈ-ਮੇਲ ਰਾਹੀਂ)

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਸਿੱ),
ਪੰਜਾਬ।

ਮੀਮੋ ਨੰ:- SCERT-SDP01/55/2023-SDP-SCERT/484212/65
ਮਿਤੀ: ਸਾਹਿਬਜ਼ਾਦਾ ਅਜੀਤ ਸਿੰਘ ਨਗਰ, 30-06-2023

**ਵਿਸ਼ਾ :- Financial Literacy ਤੇ ਸਕੂਲੀ ਵਿਦਿਆਰਥੀਆਂ ਲਈ ਜਿਲ੍ਹਾ ਪੱਧਰੀ ਅਤੇ ਰਾਜ ਪੱਧਰੀ All India Quiz ਦੇ ਆਯੋਜਨ ਸੰਬੰਧੀ।**

**ਹਵਾਲਾ:-** Reserve Bank of India ਵੱਲੋ ਪ੍ਰਾਪਤ ਪੱਤਰ: CDG.FIDD.DAFP/S-36/04-24.032/2023-24 ਮਿਤੀ:13-06-2023 ਦੇ ਸੰਬੰਧ ਵਿੱਚ ਅਤੇ ਇਸ ਦਫਤਰ ਦੇ ਪੱਤਰ ਨੰ: SCERT-SDP01/55/2023-SDP-SCERT/484212/02-05 ਮਿਤੀ: 12-05-2023 ਦੀ ਲਗਾਤਾਰਤਾ ਵਿੱਚ ।

1.0 ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਦੇ ਸੰਬੰਧ ਵਿੱਚ ਦੱਸਿਆ ਜਾਂਦਾ ਹੈ ਕਿ Reserve Bank of India ਵੱਲੋਂ ਮਿਤੀ 18 ਮਈ 2023 ਨੂੰ financial literacy ਵਿਸ਼ੇ ਤੇ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦਾ ਤਹਿਸੀਲ ਪੱਧਰ ਤੇ ਕੁਇਜ਼ ਮੁਕਾਬਲੇ ਦਾ ਆਯੋਜਨ ਕੀਤਾ ਗਿਆ ਸੀ।

2.0 ਤਹਿਸੀਲ ਪੱਧਰ ਦੇ ਕੁਇਜ਼ ਮੁਕਾਬਲੇ ਵਿੱਚ ਪਹਿਲੀ ਪੁਜੀਸ਼ਨ ਹਾਸਿਲ ਕਰਨ ਵਾਲੀਆਂ ਟੀਮਾਂ ਜਿਲ੍ਹਾ ਪੱਧਰੀ ਕੁਇਜ਼ ਮੁਕਾਬਲੇ ਵੱਚ ਭਾਗ ਲੈਣਗੀਆਂ ਅਤੇ ਇਹਨਾਂ ਟੀਮਾਂ ਦੇ ਨਾਲ ਸਬੰਧਤ ਸਕੂਲ ਦਾ ਇੱਕ ਅਧਿਆਪਕ ਵੀ ਸ਼ਾਮਿਲ ਹੋਵੇਗਾ। RBI ਵੱਲੋਂ ਟੀਮਾਂ ਦੇ ਨਾਲ ਸਬੰਧਤ ਸਕੂਲ ਦੇ ਅਧਿਆਪਕ ਨੂੰ ਆਵਾਜ਼ਾਈ ਭੱਤੇ ਵੱਜੋਂ ਰੁਪਏ 2000/- (lumpsum) ਪ੍ਰਤੀ ਦਿੱਤੀ ਜਾਵੇਗੀ।

3.0 ਇਹ ਜਿਲ੍ਹਾ ਪੱਧਰੀ ਕੁਇਜ਼ ਮੁਕਾਬਲੇ ਮਿਤੀ 06 ਅਤੇ 07 ਜੁਲਾਈ, 2023 ਦੁਪਹਿਰ 12:00 ਵਜੇ ਸਮੂਹ ਜ਼ਿਲ੍ਹਾ ਹੈੱਡਕੁਆਰਟਰਜ਼ (ਨਾਲ ਨੱਥੀ ਸੈਂਟਰਾਂ ਦੀ ਲਿਸਟ ਅਨੁਸਾਰ) ਤੇ ਕਰਵਾਏ ਜਾਣਗੇ। ਜਿਲ੍ਹਾ ਪੱਧਰੀ ਕੁਇਜ਼ ਮੁਕਾਬਲੇ ਕਰਵਾਉਣ ਲਈ ਸਥਾਪਿਤ ਕੀਤੇ ਗਏ ਸੈਂਟਰਾਂ ਨੂੰ RBI ਵੱਲੋਂ ਅਯੋਜਨ ਅਤੇ ਬੁਨਿਆਦੀ ਢਾਂਚਾ ਮੁਹੱਈਆ ਕਰਵਾਉਣ ਸੰਬੰਧੀ ਰੁਪਏ 10000/- (lumpsum) ਪ੍ਰਤੀ ਸੈਂਟਰ ਰਾਸ਼ੀ ਮੁਹੱਈਆ ਕਰਵਾਈ ਜਾਵੇਗੀ।

4.0 ਜਿਲ੍ਹਾ ਗੁਰਦਾਸਪੁਰ ਅਤੇ ਮਲੇਰਕੋਟਲਾ ਦੇ ਜ਼ਿਲ੍ਹਿਆਂ ਵਿੱਚੋਂ ਤਹਿਸੀਲ ਪੱਧਰ ਦੇ ਕੁਇਜ਼ ਮੁਕਾਬਲੇ ਵਿੱਚ ਪਹਿਲੀ ਪੁਜੀਸ਼ਨ ਹਾਸਿਲ ਕਰਨ ਵਾਲੀਆਂ ਟੀਮਾਂ ਕ੍ਰਮਵਾਰ ਪਠਾਨਕੋਟ ਅਤੇ ਬਰਨਾਲਾ ਜਿਲ੍ਹਾ ਵਿੱਚ ਭਾਗ ਲੈਣਗੀਆਂ। ਭਾਗੀਦਾਰਾਂ ਦੀ ਲਿਸਟ ਨਾਲ ਨੱਥੀ ਹੈ ਜੀ।

5.0 Reserve Bank of India ਵੱਲੋਂ ਵੱਖ-ਵੱਖ ਪੱਧਰਾਂ ਦੀਆਂ ਜੇਤੂ ਟੀਮਾਂ ਨੂੰ ਨਿਮਨ ਅਨੁਸਾਰ ਇਨਾਮ ਦਿੱਤੇ ਗਏ/ਜਾਣਗੇ ਹਨ:-

Scanned with OKEN Scanner

| ਲੜੀ ਨੰ. | ਪੁਜੀਸ਼ਨ | ਇਨਾਮ | ਵਿਸ਼ੇਸ਼ ਕਥਨ |
|---|---|---|---|
| **ਤਹਿਸੀਲ ਪੱਧਰ ਦੀਆਂ ਜੇਤੂ ਟੀਮਾਂ** | | | |
| 1. | ਪਹਿਲੀ | ਹਰੇਕ ਟੀਮ ਮੈਂਬਰ ਨੂੰ ਰੁਪਏ 2500/- ਦਾ ਗਿਫਟ ਕਾਰਡ + ਮੈਡਲ + ਸਰਟੀਫਿਕੇਟ, | ਤਹਿਸੀਲ ਪੱਧਰ ਦੀਆਂ ਜੇਤੂ ਟੀਮਾਂ ਨੂੰ ਇਹ ਇਨਾਮ ਦਿੱਤੇ ਜਾ ਚੁੱਕੇ ਹਨ। |
| 2. | ਦੂਸਰੀ | ਹਰੇਕ ਟੀਮ ਮੈਂਬਰ ਨੂੰ ਰੁਪਏ 2000/- ਦਾ ਗਿਫਟ ਕਾਰਡ + ਮੈਡਲ + ਸਰਟੀਫਿਕੇਟ | |
| 3. | ਤੀਸਰੀ | ਹਰੇਕ ਟੀਮ ਮੈਂਬਰ ਨੂੰ ਰੁਪਏ 1500/- ਦਾ ਗਿਫਟ ਕਾਰਡ + ਮੈਡਲ + ਸਰਟੀਫਿਕੇਟ | |
| **ਜਿਲ੍ਹਾ ਪੱਧਰ ਦੀਆਂ ਜੇਤੂ ਟੀਮਾਂ** | | | |
| 1. | ਪਹਿਲੀ | ਹਰੇਕ ਟੀਮ ਨੂੰ ਰੁਪਏ 10000/- ਦਾ ਗਿਫਟ ਕਾਰਡ + ਟਰਾਫੀ +ਹਰੇਕ ਟੀਮ ਮੈਂਬਰ ਨੂੰ ਸਰਟੀਫਿਕੇਟ | ਜਿਲ੍ਹਾ ਪੱਧਰ ਦੀਆਂ ਜੇਤੂ ਟੀਮਾਂ ਨੂੰ ਇਹ ਇਨਾਮ ਮਿਤੀ 6 ਅਤੇ 7 ਜੁਲਾਈ 2023 ਨੂੰ ਹੋਣ ਵਾਲੇ ਜਿਲ੍ਹਾ ਪੱਧਰੀ ਕੁਇਜ਼ ਮੁਕਾਬਲੇ ਦੀਆਂ ਜੇਤੂ ਟੀਮਾਂ ਨੂੰ ਦਿੱਤੇ ਜਾਣਗੇ। |
| 2. | ਦੂਸਰੀ | ਹਰੇਕ ਟੀਮ ਨੂੰ ਰੁਪਏ 7500/- ਦਾ ਗਿਫਟ ਕਾਰਡ + ਟਰਾਫੀ + ਹਰੇਕ ਟੀਮ ਮੈਂਬਰ ਨੂੰ ਸਰਟੀਫਿਕੇਟ | |
| 3. | ਤੀਸਰੀ | ਹਰੇਕ ਟੀਮ ਨੂੰ ਰੁਪਏ 5000/- ਦਾ ਗਿਫਟ ਕਾਰਡ + ਟਰਾਫੀ + ਹਰੇਕ ਟੀਮ ਮੈਂਬਰ ਨੂੰ ਸਰਟੀਫਿਕੇਟ | |
| **ਰਾਜ ਪੱਧਰ ਦੀਆਂ ਜੇਤੂ ਟੀਮਾਂ** | | | |
| 1. | ਪਹਿਲੀ | ਹਰੇਕ ਟੀਮ ਨੂੰ ਰੁਪਏ 20000/- ਦਾ ਗਿਫਟ ਕਾਰਡ + ਟਰਾਫੀ + ਹਰੇਕ ਟੀਮ ਮੈਂਬਰ ਨੂੰ ਸਰਟੀਫਿਕੇਟ | ਰਾਜ ਪੱਧਰ ਦੀਆਂ ਜੇਤੂ ਟੀਮਾਂ ਨੂੰ ਇਹ ਇਨਾਮ ਮਿਤੀ 18 ਜੁਲਾਈ 2023 ਨੂੰ ਹੋਣ ਵਾਲੇ ਰਾਜ ਪੱਧਰੀ ਕੁਇਜ਼ ਮੁਕਾਬਲੇ ਦੀਆਂ ਜੇਤੂ ਟੀਮਾਂ ਨੂੰ ਦਿੱਤੇ ਜਾਣਗੇ। |
| 2. | ਦੂਸਰੀ | ਹਰੇਕ ਟੀਮ ਨੂੰ ਰੁਪਏ 15000/- ਦਾ ਗਿਫਟ ਕਾਰਡ + ਟਰਾਫੀ + ਹਰੇਕ ਟੀਮ ਮੈਂਬਰ ਨੂੰ ਸਰਟੀਫਿਕੇਟ | |
| 3. | ਤੀਸਰੀ | ਹਰੇਕ ਟੀਮ ਨੂੰ ਰੁਪਏ 10000/- ਦਾ ਗਿਫਟ ਕਾਰਡ + ਟਰਾਫੀ + ਹਰੇਕ ਟੀਮ ਮੈਂਬਰ ਨੂੰ ਸਰਟੀਫਿਕੇਟ | |

6.0 ਜਿਲ੍ਹਾ ਪੱਧਰੀ ਕੁਇਜ਼ ਵਿੱਚ ਪਹਿਲੀ ਪੁਜੀਸ਼ਨ ਹਾਸਿਲ ਕਰਨ ਵਾਲੀਆਂ ਟੀਮਾਂ ਮਿਤੀ 18 ਜੁਲਾਈ, 2023 ਨੂੰ ਚੰਡੀਗੜ੍ਹ ਵਿਖੇ ਹੋਣ ਵਾਲੇ ਰਾਜ ਪੱਧਰੀ ਕੁਇਜ਼ ਮੁਕਾਬਲੇ ਵਿੱਚ ਭਾਗ ਲੈਣਗੀਆਂ ਅਤੇ ਇਹਨਾਂ ਟੀਮਾਂ ਦੇ ਨਾਲ ਸਬੰਧਤ ਸਕੂਲ ਦਾ ਇੱਕ ਅਧਿਆਪਕ ਵੀ ਸ਼ਾਮਿਲ ਹੋਵੇਗਾ। RBI ਵੱਲੋਂ ਟੀਮਾਂ ਦੇ ਨਾਲ ਸਬੰਧਤ ਸਕੂਲ ਦੇ ਅਧਿਆਪਕ ਨੂੰ ਆਵਾਜ਼ਾਈ ਭੱਤੇ ਵੱਜੋਂ ਰੁਪਏ 6000/- (lumpsum) ਪ੍ਰਤੀ ਦਿੱਤੀ ਜਾਵੇਗੀ।

7.0 ਰਾਜ ਪੱਧਰੀ ਕੁਇਜ਼ ਵਿੱਚ ਭਾਗ ਲੈਣ ਵਾਲੀਆਂ ਟੀਮਾਂ ਦੇ ਰਹਿਣ ਦਾ ਪ੍ਰਬੰਧ Reserve Bank of India, ਚੰਡੀਗੜ੍ਹ ਵੱਲੋਂ ਕੀਤਾ ਜਾਵੇਗਾ। ਭਾਗ ਲੈਣ ਵਾਲੀਆਂ ਟੀਮਾਂ ਦੀ ਸਕੂਲਾਂ ਤੋਂ ਦੂਰੀ ਦੇ ਆਧਾਰ 'ਤੇ ਠਹਿਰਨ ਦਾ ਸਮਾਂ ਇੱਕ ਜਾਂ ਦੋ ਦਿਨਾਂ ਲਈ ਹੋ ਸਕਦਾ ਹੈ।

Scanned with OKEN Scanner

8.0 Financial Literacy ਤੇ ਕੁਇਜ਼ ਮੁਕਾਬਲੇ ਸੰਬੰਧੀ ਹਦਾਇਤਾਂ, ਕੁਇਜ਼ ਪ੍ਰਕਿਰਿਆ, ਸਿਲੇਬਸ ਅਤੇ ਨਮੂਨਾ ਪ੍ਰਸ਼ਨ ਪੱਤਰਾਂ ਦੀ ਕਾਪੀ ਨਾਲ ਨੱਥੀ ਹੈ।

9.0 ਆਪ ਵੱਲੋਂ ਆਪਣੇ ਅਧੀਨ ਆਉਂਦੇ ਹਾਈ/ਸੀਨੀਅਰ ਸੈਕੰਡਰੀ ਸਕੂਲਾਂ ਦੇ ਸਕੂਲ ਮੁੱਖੀਆਂ ਨੂੰ Financial Literacy ਵਿਸ਼ੇ ਤੇ ਹੋਏ ਤਹਿਸੀਲ ਪੱਧਰੀ ਕੁਇਜ਼ ਮੁਕਾਬਲੇ ਦੇ ਜੇਤੂ ਵਿਦਿਆਰਥੀਆਂ ਦੀ ਟੀਮ ਅਤੇ ਇੱਕ ਅਧਿਆਪਕ ਨੂੰ ਮਿਤੀ 06 ਅਤੇ 07 ਜੁਲਾਈ, 2023 ਦੁਪਹਿਰ 12:00 ਵਜੇ ਜਿਲ੍ਹਾ ਪੱਧਰੀ ਕੁਇਜ਼ ਮੁਕਾਬਲੇ ਵਿੱਚ ਭਾਗ ਲੈਣ ਲਈ ਜ਼ਿਲ੍ਹਾ ਹੈੱਡਕੁਆਰਟਰਜ਼ ਸਥਾਪਿਤ ਸੈਂਟਰਾਂ ਤੇ ਸਮੇਂ ਸਿਰ ਪਹੁੰਚਣ ਸੰਬੰਧੀ, ਜਿਲ੍ਹਾ ਪੱਧਰੀ ਕੁਇਜ਼ ਦਾ ਆਯੋਜਨ ਕਰਵਾਉਣ ਵਾਲੇ ਸਕੂਲਾਂ ਨੂੰ ਕੁਇਜ਼ ਦੇ ਆਯੋਜਨ ਸੰਬੰਧੀ ਅਤੇ ਜਿਲ੍ਹਾ ਪੱਧਰੀ ਕੁਇਜ਼ ਵਿੱਚ ਪਹਿਲੀ ਪੁਜੀਸ਼ਨ ਹਾਸਿਲ ਕਰਨ ਵਾਲੀਆਂ ਟੀਮਾਂ ਨੂੰ ਮਿਤੀ 18 ਜੁਲਾਈ, 2023 ਨੂੰ ਸਵੇਰੇ 10:00 ਵਜੇ ਚੰਡੀਗੜ੍ਹ ਵਿਖੇ ਹੋਣ ਵਾਲੇ ਰਾਜ ਪੱਧਰੀ ਕੁਇਜ਼ ਮੁਕਾਬਲੇ ਵਿੱਚ ਭਾਗ ਲੈਣ ਸੰਬੰਧੀ ਹਦਾਇਤਾਂ ਜਾਰੀ ਕੀਤੀਆ ਜਾਣ।

ਡਾਇਰੈਕਟਰ
ਐਸ.ਸੀ.ਈ.ਆਰ.ਟੀ,ਪੰਜਾਬ

ਪਿੱਠ ਅੰਕਣ ਨੰ:-ਉਕਤ/07-10 ਮਿਤੀ:ਸਾਹਿਬਜ਼ਾਦਾ ਅਜੀਤ ਸਿੰਘ ਨਗਰ, 30-06-2023

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:-

1. ਪੀ.ਏ.ਟੂ ਵਧੀਕ ਮੁੱਖ ਸਕੱਤਰ, ਸਕੂਲ ਸਿੱਖਿਆ, ਪੰਜਾਬ।
2. ਪੀ.ਏ.ਟੂ ਸਪੈਸ਼ਲ ਸਕੱਤਰ, ਸਕੂਲ ਸਿੱਖਿਆ, ਪੰਜਾਬ।
3. ਪੀ.ਏ.ਟੂ ਡਾਇਰੈਕਟਰ ਜਨਰਲ ਸਕੂਲ ਸਿੱਖਿਆ,ਪੰਜਾਬ ।
4. ਪੀ.ਏ. ਟੂ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਸਿੱ),ਪੰਜਾਬ।

ਡਾਇਰੈਕਟਰ
ਐਸ.ਸੀ.ਈ.ਆਰ.ਟੀ.,ਪੰਜਾਬ

Scanned with OKEN Scanner